

Medical Beneficiary and Pharmaceutical Services Division, B.C. Ministry of Health

# Fair PharmaCare (ਫ਼ੇਅਰ ਫ਼ਾਰਮਾ ਕੇਅਰ) ਪਲੈਨ

**ਫ਼ੇਅਰ ਫ਼ਾਰਮਾ ਕੇਅਰ ਪਲੈਨ ਡਾਕਟਰ ਦੀ ਸਿਫ਼ਾਰਸ਼ ’ਤੇ ਮਿਲਣ ਵਾਲੀਆਂ ਯੋਗ ਦਵਾਈਆਂ ਅਤੇ ਨਿਯਤ ਕੀਤੀਆਂ ਮੈਡੀਕਲ ਸਮੱਗਰੀਆਂ ਦੀ ਲਾਗਤ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਮਦਦ ਕਰਦਾ ਹੈ।**

- **ਫ਼ੇਅਰ ਫ਼ਾਰਮਾ ਕੇਅਰ ਰਾਹੀਂ ਮਿਲਣ ਵਾਲੀ ਇਮਦਾਦ ਆਮਦਨ ’ਤੇ ਅਧਾਰਤ ਹੁੰਦੀ ਹੈ। ਤੁਹਾਡੀ ਆਮਦਨ ਜਿੰਨੀ ਘੱਟ ਹੁੰਦੀ ਹੈ, ਤੁਹਾਨੂੰ ਉਨੀਂ ਹੀ ਜ਼ਿਆਦਾ ਮਦਦ ਮਿਲਦੀ ਹੈ।**
- **ਰਜਿਸਟਰ ਕਰਨ ਲਈ ਕੋਈ ਲਾਗਤ ਨਹੀਂ ਹੈ ਅਤੇ ਨਾ ਹੀ ਇਸ ਦੇ ਕੋਈ ਪ੍ਰੀਮੀਅਮ ਭਰਨੇ ਪੈਂਦੇ ਹਨ।**

## ਫ਼ੇਅਰ ਫ਼ਾਰਮਾ ਕੇਅਰ ਵਿੱਚ ਕੌਣ ਸ਼ਾਮਲ ਹੋ ਸਕਦਾ ਹੈ?

- ✔ ਬੀ.ਸੀ. ਦੇ ਬਾਸ਼ਿੰਦੇ ਜਿਹੜੇ Medical Services Plan (MSP) (ਮੈਡੀਕਲ ਸੇਵਾਵਾਂ ਵਾਲੇ ਪਲੈਨ–ਐੱਮ.ਐੱਸ.ਪੀ.) ਵਿੱਚ ਸਰਗਰਮੀ ਨਾਲ ਇੰਦਰਾਜਸ਼ੁਦਾ ਹੋਣ।

## ਮੈਂ ਕਿਵੇਂ ਰਜਿਸਟਰ ਕਰ ਸਕਦਾ ਹਾਂ?

- ✔ ਆਨ-ਲਾਈਨ ਫ਼ੇਅਰ ਫ਼ਾਰਮਾ ਕੇਅਰ ਦੀ ਵੈੱਬ ਰਜਿਸਟਰੇਸ਼ਨ ਦੀ ਵਰਤੋਂ ਕਰਕੇ, ਜਾਂ
- ✔ ਫ਼ੋਨ ਰਾਹੀਂ। ਪੰਨਾ ਨੰਬਰ 2 ’ਤੇ ਦਿੱਤੇ ਨੰਬਰਾਂ ’ਤੇ ਹੈਲਥ ਇੰਸ਼ੋਰੈਂਸ ਬੀ.ਸੀ. ਨਾਲ ਸੰਪਰਕ ਕਰੋ।

## ਫ਼ੇਅਰ ਫ਼ਾਰਮਾ ਕੇਅਰ ਪਲੈਨ ਵਾਸਤੇ ਰਜਿਸਟਰ ਕਰਨ ਲਈ ਮੈਨੂੰ ਕਿਸ ਚੀਜ਼ ਦੀ ਲੋੜ ਹੈ?

### ਪਰਿਵਾਰ ਦੇ ਸਾਰੇ ਮੈਂਬਰਾਂ ਦਾ:

- ✔ ਨਿੱਜੀ ਹੈਲਥ ਨੰਬਰ, ਜੋ ਕਿ ਤੁਹਾਡੇ B.C. CareCard (ਬੀ.ਸੀ. ਕੇਅਰ ਕਾਰਡ) ਉੱਪਰ ਲਿਖਿਆ ਹੁੰਦਾ ਹੈ
- ✔ ਜਨਮ ਦੀਆਂ ਤਾਰੀਖ਼ਾਂ

### ਤੁਹਾਡਾ ਅਤੇ ਤੁਹਾਡੇ ਪਤੀ/ਪਤਨੀ ਦਾ:

- ✔ ਸੋਸ਼ਲ ਇੰਸ਼ੋਰੈਂਸ ਨੰਬਰ
- ✔ ਤੁਹਾਡੀ ਦੋ ਸਾਲ ਪੁਰਾਣੀ ਨੈੱਟ ਇਨਕਮ (ਸ਼ੁੱਧ ਆਮਦਨ) (ਤੁਹਾਡੇ ਇਨਕਮ ਟੈਕਸ ਰਿਟਰਨ ਦੀ ਲਾਈਨ 236)।
- ✔ ਦੋ ਸਾਲ ਪਹਿਲਾਂ ਤੁਹਾਨੂੰ ਮਿਲਿਆ ਕੋਈ ਵੀ Universal Child Care Benefit (UCCB) (ਯੂਨੀਵਰਸਲ ਚਾਈਲਡ ਕੇਅਰ ਭੱਤਾ – ਯੂ.ਸੀ.ਸੀ.ਬੀ.) ਅਤੇ/ਜਾਂ Registered Disability Savings Plan (RDSP) (ਰਜਿਸਟਰਡ ਡਿਸਬਿਲਿਟਿ ਸੇਵਿੰਜ਼ ਪਲੈਨ – ਅਰ.ਡੀ.ਅੱਸ.ਪੀ.) ਆਮਦਨ (ਤੁਹਾਡੇ ਇਨਕਮ ਟੈਕਸ ਰਿਟਰਨ ਦੀ ਲਾਈਨ 117 ਅਤੇ ਲਾਈਨ 125)।

## ਤੁਹਾਡੇ ਰਜਿਸਟਰ ਕਰਨ ਤੋਂ ਬਾਅਦ...

- ਅਸੀਂ ਤੁਹਾਨੂੰ ਡਾਕ ਰਾਹੀਂ ਇੱਕ ਸਹਿਮਤੀ ਫ਼ਾਰਮ ਭੇਜਾਂਗੇ।
- ਸਹਿਮਤੀ ਫ਼ਾਰਮ ’ਤੇ ਹਸਤਾਖਰ ਕਰੋ ਅਤੇ ਵਾਪਸ ਭੇਜੋ।
- ਅਸੀਂ ਕੈਨੇਡਾ ਰੈਵਿਨਿਊ ਏਜੰਸੀ ਤੋਂ ਤੁਹਾਡੀ ਸ਼ੁੱਧ ਆਮਦਨ ਤਸਦੀਕ ਕਰਾਂਗੇ।

ਤੁਹਾਡੀ ਕਵਰੇਜ ਤੁਹਾਡੇ ਰਜਿਸਟਰ ਹੋਣ ਤੋਂ ਬਾਅਦ ਤੁਹਾਡੇ ਵੱਲੋਂ ਖ਼ਰੀਦੀਆਂ ਜਾਣ ਵਾਲੀਆਂ ਯੋਗ ਦਵਾਈਆਂ ਅਤੇ ਮੈਡੀਕਲ ਸਮੱਗਰੀਆਂ ’ਤੇ ਲਾਗੂ ਹੁੰਦੀ ਹੈ।

ਤੁਹਾਨੂੰ ਸਿਰਫ਼ ਇੱਕੋ ਵਾਰ ਰਜਿਸਟਰ ਕਰਨਾ ਪੈਂਦਾ ਹੈ। ਤੁਹਾਡੀ ਕਵਰੇਜ ਦਾ ਪੱਧਰ ਹਰ ਸਾਲ ਆਪਣੇ ਆਪ ਤਬਦੀਲ ਹੋ ਜਾਂਦਾ ਹੈ।

## ਆਪਣੀ ਜਾਣਕਾਰੀ ਵਿੱਚ ਬਦਲਾਵ ਆਉਣ ’ਤੇ ਕੀ ਮੈਨੂੰ ਉਸ ਵਿੱਚ ਤਬਦੀਲੀ ਕਰਨ ਦੀ ਲੋੜ ਹੈ?

ਤੁਹਾਨੂੰ ਆਪਣੀ ਆਮਦਨ ਸੰਬੰਧੀ ਜਾਣਕਾਰੀ ਵਿੱਚ ਤਬਦੀਲੀ ਕਰਨ ਦੀ ਲੋੜ ਨਹੀਂ ਹੈ। ਹਰ ਸਾਲ ਕੈਨੇਡਾ ਰੈਵਿਨਿਊ ਏਜੰਸੀ ਕੋਲੋਂ ਤੁਹਾਡੀ ਆਮਦਨ ਦੀ ਪੜਤਾਲ ਕੀਤੀ ਜਾਂਦੀ ਹੈ।

ਪਰ ਜੇ ਤੁਹਾਡੇ ਪਰਿਵਾਰਕ ਮੈਂਬਰਾਂ ਦੀ ਸੰਖਿਆ ਵਿੱਚ ਕੋਈ ਤਬਦੀਲੀ ਆਉਂਦੀ ਹੈ (ਉਦਾਹਰਣ ਵਜੋਂ, ਵਿਆਹ, ਵੱਖ ਹੋਣ, ਤਲਾਕ ਜਾਂ ਮੌਤ ਕਾਰਨ) ਤਾਂ ਕਿਰਪਾ ਕਰਕੇ ਸਾਨੂੰ ਸੰਪਰਕ ਕਰੋ ਤਾਂ ਕਿ ਅਸੀਂ ਤੁਹਾਨੂੰ ਮਿਲਣ ਵਾਲੀ ਇਮਦਾਦ ਵਿੱਚ ਤਬਦੀਲੀਆਂ ਕਰ ਸਕੀਏ।

### ਫ਼ੇਅਰ ਫ਼ਾਰਮਾ ਕੇਅਰ ਕਿਵੇਂ ਕੰਮ ਕਰਦਾ ਹੈ?

ਜਦੋਂ ਤੁਸੀਂ ਰਜਿਸਟਰ ਕਰਦੇ ਹੋ ਤਾਂ ਅਸੀਂ ਤੁਹਾਡੀ ਮਨਫ਼ੀਯੋਗ ਅਤੇ ਵੱਧ ਤੋਂ ਵੱਧ ਪਰਿਵਾਰਕ ਲਾਗਤ ਦਾ ਹਿਸਾਬ ਲਗਾਉਂਦੇ ਹਾਂ। ਹੋਰ ਵੇਰਵੇ ਲਈ ਪੰਨਾ ਨੰਬਰ 2 ’ਤੇ “ਫ਼ੇਅਰ ਫ਼ਾਰਮਾ ਕੇਅਰ ਕਿਵੇਂ ਕੰਮ ਕਰਦਾ ਹੈ” ਦੇਖੋ।



BRITISH COLUMBIA

## ਫ਼ੇਅਰ ਫ਼ਾਰਮਾ ਕੇਅਰ ਕਿਵੇਂ ਕੰਮ ਕਰਦਾ ਹੈ?

ਫ਼ੇਅਰ ਫ਼ਾਰਮਾ ਕੇਅਰ ਪਲੈਨ ਅਧੀਨ ਤੁਸੀਂ ਆਪਣੀ ਮਨਫ਼ੀਯੋਗ ਰਕਮ ਦੀ ਹੱਦ ਤੱਕ ਆਪਣੇ ਪਰਿਵਾਰ ਦੀਆਂ ਤਜਵੀਜ਼ਸ਼ੁਦਾ ਦਵਾਈਆਂ ਦੀ ਲਾਗਤ ਅਦਾ ਕਰਦੇ ਹੋ। ਤੁਹਾਡੇ ਵੱਲੋਂ ਮਨਫ਼ੀਯੋਗ ਰਕਮ ਤੱਕ ਦੀ ਅਦਾਇਗੀ ਕੀਤੇ ਜਾਣ 'ਤੇ ਬਾਕੀ ਵਰ੍ਹੇ ਲਈ ਫ਼ਾਰਮਾ ਕੇਅਰ ਯੋਗ ਲਾਗਤਾਂ ਵਿੱਚ ਤੁਹਾਡੀ ਸਹਾਇਤਾ ਕਰਦਾ ਹੈ।

January → December

| ਮਨਫ਼ੀਯੋਗ ਰਕਮ ਜਿਨਾਂ ਖ਼ਰਚਾ ਹੋਣ ਤੱਕ | ਮਨਫ਼ੀਯੋਗ ਰਕਮ ਜਿਨਾਂ ਖ਼ਰਚਾ ਹੋਣ ਤੋਂ ਬਾਅਦ | ਵੱਧ ਤੋਂ ਵੱਧ ਪਰਿਵਾਰਕ ਲਾਗਤ ਤੋਂ ਬਾਅਦ |
|---|---|---|
| ਤੁਸੀਂ 100% ਅਦਾ ਕਰਦੇ ਹੋ | ਤੁਸੀਂ ਅਦਾ ਕਰਦੇ ਹੋ 30% / ਫ਼ਾਰਮਾ ਕੇਅਰ ਅਦਾ ਕਰਦਾ ਹੈ 70% | ਫ਼ਾਰਮਾ ਕੇਅਰ 100% ਅਦਾ ਕਰਦਾ ਹੈ |

www.health.gov.bc.ca/pharmacare/plani/calculator/calculator.html (ਅੰਗਰੇਜ਼ੀ)'ਤੇ ਦਿੱਤੇ ਕੈਲਕੁਲੇਟਰ ਦੀ ਵਰਤੋਂ ਕਰਕੇ ਤੁਸੀਂ ਆਪਣੀ ਮਨਫ਼ੀਯੋਗ ਰਕਮ ਅਤੇ ਵੱਧ ਤੋਂ ਵੱਧ ਪਰਿਵਾਰਕ ਲਾਗਤ ਦਾ ਅੰਦਾਜ਼ਾ ਲਗਾ ਸਕਦੇ ਹੋ

### "ਯੋਗ" ਲਾਗਤਾਂ ਕਿਹੜੀਆਂ ਹਨ?

- ਯੋਗ ਲਾਗਤਾਂ ਤਜਵੀਜ਼ਸ਼ੁਦਾ ਦਵਾਈ, ਮੈਡੀਕਲ ਸਮੱਗਰੀ ਜਾਂ ਫ਼ਾਰਮੇਸੀ ਦੀ ਦਵਾਈ ਤਕਸੀਮ ਕਰਨ ਸੰਬੰਧੀ ਫ਼ੀਸ ਵਾਸਤੇ ਫ਼ਾਰਮਾ ਕੇਅਰ ਵੱਲੋਂ ਅਦਾ ਕੀਤੀ ਜਾਣ ਵਾਲੀਆਂ ਵੱਧ ਤੋਂ ਵੱਧ ਰਕਮਾਂ ਹਨ।
- ਤੁਹਾਡੀ **ਮਨਫ਼ੀਯੋਗ ਰਕਮ** ਅਤੇ **ਵੱਧ ਤੋਂ ਵੱਧ ਪਰਿਵਾਰਕ ਲਾਗਤ** ਲਈ ਸਿਰਫ਼ ਯੋਗ ਲਾਗਤਾਂ ਹੀ ਗਿਣੀਆਂ ਜਾਂਦੀਆਂ ਹਨ (ਹੇਠਾਂ ਦੇਖੋ)।

### ਮੇਰੀ "ਮਨਫ਼ੀਯੋਗ" ਰਕਮ ਕਿੰਨੀ ਹੈ?

- ਇਸ ਤੋਂ ਪਹਿਲਾਂ ਕਿ ਫ਼ਾਰਮਾ ਕੇਅਰ ਤੁਹਾਡੀਆਂ ਯੋਗ ਲਾਗਤਾਂ ਦਾ **70%** ਹਿੱਸਾ ਅਦਾ ਕਰਨਾ ਸ਼ੁਰੂ ਕਰੇ, ਮਨਫ਼ੀਯੋਗ ਰਕਮ ਉਹ ਖ਼ਰਚਾ ਹੈ ਜਿਹੜਾ ਕਿ ਯੋਗ ਤਜਵੀਜ਼ਸ਼ੁਦਾ ਦਵਾਈਆਂ ਅਤੇ ਮੈਡੀਕਲ ਸਮੱਗਰੀ ਦੀਆਂ ਲਾਗਤਾਂ 'ਤੇ ਤੁਹਾਡੇ ਪਰਿਵਾਰ ਨੂੰ ਕਰਨਾ ਪੈਂਦਾ ਹੈ।
- ਜਿਹੜੇ ਪਰਿਵਾਰਾਂ ਵਿੱਚ 1940 ਤੋਂ ਪਹਿਲਾਂ ਜਨਮਿਆ ਕੋਈ ਮੈਂਬਰ ਹੈ ਉਨ੍ਹਾਂ ਨੂੰ 75% ਕਵਰੇਜ ਮਿਲਦੀ ਹੈ।

### ਮੇਰੀ "ਵੱਧ ਤੋਂ ਵੱਧ ਪਰਿਵਾਰਕ ਲਾਗਤ" ਕਿੰਨੀ ਹੈ?

- ਵੱਧ ਤੋਂ ਵੱਧ ਪਰਿਵਾਰਕ ਲਾਗਤ ਉਹ ਧਨ ਰਾਸ਼ੀ ਹੈ ਜਿਹੜੀ ਹਰ ਸਾਲ ਤੁਹਾਡੇ ਪਰਿਵਾਰ ਵੱਲੋਂ ਖ਼ਰਚੀ ਜਾਣੀ ਚਾਹੀਦੀ ਹੈ, ਇਸ ਤੋਂ ਪਹਿਲਾਂ ਕਿ ਫ਼ਾਰਮਾ ਕੇਅਰ ਤੁਹਾਡੀਆਂ **100%** ਯੋਗ ਲਾਗਤਾਂ ਦੀ ਅਦਾਇਗੀ ਕਰਨੀ ਸ਼ੁਰੂ ਕਰੇ।

### ਮੈਨੂੰ ਕਿੰਨੀ ਇਮਦਾਦ ਮਿਲ ਸਕਦੀ ਹੈ?

ਇਮਦਾਦ ਤੁਹਾਡੀ ਦੋ ਸਾਲ ਪੁਰਾਣੀ ਪਰਿਵਾਰਕ ਸ਼ੁੱਧ ਆਮਦਨ 'ਤੇ ਨਿਰਭਰ ਕਰਦੀ ਹੈ। ਉਦਾਹਰਣ ਵਜੋਂ, 2009 ਵਿੱਚ ਤੁਹਾਨੂੰ ਮਿਲਣ ਵਾਲੀ ਇਮਦਾਦ ਦਾ ਪੱਧਰ ਤੁਹਾਡੀ 2007 ਦੀ ਪਰਿਵਾਰਕ ਸ਼ੁੱਧ ਆਮਦਨ 'ਤੇ ਨਿਰਭਰ ਕਰੇਗਾ।

- **ਸ਼ੁੱਧ ਆਮਦਨ** ਤੁਹਾਡੇ ਇਨਕਮ ਟੈਕਸ ਰਿਟਰਨ ਦੀ ਲਾਈਨ 236 ਉੱਪਰ ਲਿਖੀ ਤੁਹਾਡੀ ਆਮਦਨ ਵਿੱਚੋਂ ਤੁਹਾਨੂੰ ਯੂਨੀਵਰਸਲ ਚਾਈਲਡ ਭੱਤੇ ਦੀ ਮਿਲੀ ਰਕਮ ਅਤੇ ਰਜਿਸਟਰਡ ਡਿਸਬਿਲਿਟਿ ਸੇਵਿੰਜ਼ ਪਲੈਨ ਆਮਦਨ ਘਟਾ ਕੇ ਕੱਢੀ ਜਾਂਦੀ ਹੈ।
- ਤੁਹਾਡੇ **ਪਰਿਵਾਰ** ਵਿੱਚ ਤੁਸੀਂ, ਤੁਹਾਡੇ ਪਤੀ/ਪਤਨੀ ਅਤੇ ਤੁਹਾਡੇ 'ਤੇ ਨਿਰਭਰ ਤੁਹਾਡੇ ਬੱਚੇ ਸ਼ਾਮਲ ਹਨ ਜਿਹੜੇ ਕਿ ਤੁਹਾਡੇ ਅਤੇ ਤੁਹਾਡੇ ਪਤੀ/ਪਤਨੀ ਵਾਲੇ B.C. Medical Services Plan (ਬੀ.ਸੀ. ਦਾ ਮੈਡੀਕਲ ਸੇਵਾਵਾਂ ਵਾਲਾ ਪਲੈਨ) ਦੇ ਕੌਨਟ੍ਰੈਕਟ 'ਤੇ ਹੀ ਹਨ।

### ਜੇ ਮੈਨੂੰ ਜ਼ਿਆਦਾ ਇਮਦਾਦ ਦੀ ਲੋੜ ਪੈ ਜਾਵੇ ਫਿਰ?

ਜੇ ਪਿਛਲੇ ਦੋ ਸਾਲਾਂ ਦੌਰਾਨ ਤੁਹਾਡੀ ਆਮਦਨ 10% ਜਾਂ ਇਸ ਤੋਂ ਜ਼ਿਆਦਾ ਘਟ ਗਈ ਹੈ ਜਾਂ ਤੁਹਾਨੂੰ ਸਾਲ ਦੇ ਸ਼ੁਰੂਆਤ ਵਿੱਚ ਹੀ ਆਪਣੀਆਂ ਤਜਵੀਜ਼ਸ਼ੁਦਾ ਦਵਾਈਆਂ ਦੀ ਲਾਗਤ ਅਦਾ ਕਰਨ ਵਿੱਚ ਮੁਸ਼ਕਲ ਆ ਰਹੀ ਹੈ ਤਾਂ ਕਿਰਪਾ ਕਰਕੇ ਸਾਨੂੰ ਸੰਪਰਕ ਕਰੋ।

## ਫ਼ੇਅਰ ਫ਼ਾਰਮਾ ਕੇਅਰ ਸੰਪਰਕ ਜਾਣਕਾਰੀ

**ਫ਼ੇਅਰ ਫ਼ਾਰਮਾ ਕੇਅਰ ਲਈ ਰਜਿਸਟਰ ਕਰੋ:**

https://pharmacare.moh.hnet.bc.ca/ (ਅੰਗਰੇਜ਼ੀ)

**ਸਾਡੀ ਵੈੱਬਸਾਈਟ 'ਤੇ ਜਾਓ:**

www.health.gov.bc.ca/pharmacare (ਅੰਗਰੇਜ਼ੀ)

**Health Insurance BC (HIBC) (ਹੈਲਥ ਇੰਸ਼ੋਰੈਂਸ ਬੀ.ਸੀ. – ਐੱਚ.ਆਈ.ਬੀ.ਸੀ.) ਨੂੰ ਫ਼ੋਨ ਕਰੋ**

ਵੈਨਕੂਵਰ ਅਤੇ ਲੋਅਰ ਮੇਨਲੈਂਡ ਤੋਂ ਕਾਲ ਕਰੋ:
**604-683-7151**

ਬੀ.ਸੀ. ਵਿਚਲੀਆਂ ਹੋਰਨਾਂ ਥਾਵਾਂ ਤੋਂ ਕਾਲ ਕਰੋ:
**1-800-663-7100**

**ਹੈਲਥ ਇੰਸ਼ੋਰੈਂਸ ਬੀ.ਸੀ. (ਐੱਚ.ਆਈ.ਬੀ.ਸੀ.) ਫ਼ਾਰਮਾ ਕੇਅਰ ਅਤੇ ਮੈਡੀਕਲ ਸੇਵਾਵਾਂ ਵਾਲੇ ਪਲੈਨ ਦਾ ਸੰਚਾਲਨ ਕਰਦੀ ਹੈ। ਐੱਚ.ਆਈ.ਬੀ.ਸੀ. ਦੇ ਉਪਭੋਗਤਾ ਸਰਵਿਸ ਏਜੰਟ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਅਤੇ ਸ਼ਨਿਚਰਵਾਰ ਨੂੰ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਉਪਲਬਧ ਹੁੰਦੇ ਹਨ।**